



ਸੰਵਾਦ-17 (ਜਨਵਰੀ-ਜੂਨ 2023) ISSN : 2395-1273 **www.sanvad.org**

# ਮੱਧਮ-ਮੱਧਮ:
## ਨਾਰੀ-ਮਨ ਦੀਆਂ ਅਕਾਂਖਿਆਵਾਂ ਦਾ ਕਾਵਿਕ ਪੈਰਾਡਾਈਮ



**ਡਾ. ਯੋਗਰਾਜ**
ਪ੍ਰੋਫ਼ੈਸਰ
ਪੰਜਾਬੀ ਵਿਭਾਗ
ਪੰਜਾਬ ਯੂਨੀਵਰਸਿਟੀ
ਚੰਡੀਗੜ੍ਹ
94644-18163
yograj_pu@yahoo.in

ਨਵੀਂ ਪੰਜਾਬੀ ਕਵਿਤਾ ਵਿਚ ਜਸਲੀਨ ਦੀ ਕਵਿਤਾ ਦੀ ਚਰਚਾ, ਉਸ ਦੇ ਪਹਿਲੇ ਹੀ ਕਾਵਿ-ਸੰਗ੍ਰਹਿ **ਮੰਥਨ** (2009) ਨਾਲ ਹੀ ਸ਼ੁਰੂ ਹੋ ਗਈ ਸੀ। ਸਗੋਂ ਇਹ ਚਰਚਾ ਬੜੇ ਜੋਰ-ਸ਼ੋਰ ਨਾਲ ਹੋਈ ਸੀ ਜਿਸਦਾ ਕਾਰਨ ਉਸਦੀ ਕਾਵਿਕ ਸਮਰੱਥਾ ਸੀ। ਸਾਹਿਤ ਦੇ ਖੇਤਰ ਵਿਚ ਕਵਿਤਾ ਦੀ ਚਰਚਾ ਕਰਨ ਵਾਲੇ ਵਿਦਵਾਨ ਇਸ ਕਵਿਤਾ ਨੂੰ, ਪੰਜਾਬੀ ਦੀ ਨਾਰੀ ਕਵਿਤਾ ਦੇ ਇਕ ਹੋਰ ਨਵੇਂ ਅਧਿਆਇ ਵਾਂਗ ਸਵੀਕਾਰ ਕਰ ਰਹੇ ਸਨ। ਇਸ ਸੰਗ੍ਰਹਿ ਦੀ ਭੂਮਿਕਾ ਵਿਚ ਡਾ. ਮਨਮੋਹਨ ਨੇ ਜਸਲੀਨ ਦੀ ਕਵਿਤਾ ਦੀ ਕਾਵਿ-ਭਾਸ਼ਾ ਨੂੰ ਪਿਤਰਕੀ ਸੱਤਾ ਤੋਂ ਮੁਕਤੀ ਅਤੇ ਪਿਤਰਕੀ ਦਾ ਕਰੀਟਿਕ ਸਿਰਜਨ ਵਾਲੀ ਕਿਹਾ ਸੀ। 'ਮੰਥਨ' ਦੀ ਕਵਿਤਾ ਪੜ੍ਹਦਿਆਂ ਸਚੁਮੱਚ ਇਹ ਅਹਿਸਾਸ ਹੁੰਦਾ ਹੈ ਕਿ ਇਹ ਪਿਆਰ ਦੀ ਕਵਿਤਾ ਦਾ ਵੱਖਰਾ ਅਤੇ ਵਿਲੱਖਣ ਅਧਿਆਇ ਹੈ। ਇਸ ਪਿਆਰ ਕਾਵਿ ਵਿਚ ਨਾ ਤਾਂ ਸਮਰਪਣ ਸੀ- ਪ੍ਰੇਮੀ ਸਾਹਮਣੇ ਇਕ ਆਦਰਸ਼ਕ ਮਹਿਬੂਬਾ ਦਾ ਅਤੇ ਨਾ ਹੀ ਰੈਡੀਕਲ ਪੰਜਾਬੀ ਕਵਿਤਾ ਵਿਚ ਪਿਤਰਕੀ ਸੰਸਥਾਵਾਂ ਦੇ ਮਰਦ ਰਿਸ਼ਤਿਆਂ ਦੀ ਸਰਲ ਨਿਗੇਸ਼ਨ ਸੀ। ਅਸਲ ਵਿਚ ਉਹ ਆਪਣੀ ਕਵਿਤਾ ਵਿਚ ਮਰਦ ਦੇ ਮੇਚ ਦੀ ਸਥਿਤੀ 'ਚ ਆਉਣ ਦੀ ਤਾਂਘ ਦਾ ਕੇਂਦਰੀ ਚਿਹਨਕ ਸਿਰਜਦੀ ਹੈ, ਜਿਸ ਵਿਚ ਮਰਦ ਦੇ ਸਾਥ ਵਿਚ ਉਸਦੀ ਅਧੀਨਗੀ ਨਹੀਂ, ਸਮਰਪਣ ਨਹੀਂ ਸਗੋਂ ਆਪਣੇ ਮੇਚ ਦੇ ਅਹਿਸਾਸ, ਸੁਪਨਿਆਂ ਅਤੇ ਰੰਗਾਂ ਦੀ ਭਾਅ ਨਾਲ ਜਿਉਣ ਦੀ ਤਾਂਘ ਦਾ ਤਰਕ ਹੈ। ਜਸਲੀਨ ਦੀ ਸ਼ਾਇਰੀ, ਮਰਦ/ਪ੍ਰੇਮੀ ਨੂੰ ਗੁਰੂ/ਮੈਂਟਰ (Mentor) ਨਹੀਂ ਸਗੋਂ ਸਗਲੇ-ਸਾਵੇਂ ਰਿਸ਼ਤੇ 'ਚ ਚਿਤਰਦੀ ਹੈ ਜਿਸ ਵਿਚ ਰੂਹ+ਜਿਸਮ ਦੀ ਕੋਈ ਡਾਇਕੌਂਟਮੀ ਦਾ ਦੰਭ ਵੀ ਨਹੀਂ ਸੀ, ਇਸੇ ਕਾਰਨ ਇਹ ਕਵਿਤਾ ਔਰਤ ਦੀ ਕਾਮਨਾ (Desire) ਦਾ ਸਾਹਸੀ ਕਾਵਿ-ਭਾਸ਼ਾਈ ਪ੍ਰਗਟਾਅ ਦਾ ਰੂਪਾਕਾਰ ਵੀ ਸਿਰਜਦੀ ਹੈ। ਆਪਣੇ ਇਸ ਕਾਵਿ-ਸਫ਼ਰ ਨੂੰ **ਮਨ ਦੀ ਓਜ਼ੋਨ** (2013) ਰਾਹੀਂ ਉਹ ਨਾਰੀ-ਮਨ ਦੇ ਵਿਲੱਖਣ ਸੰਸਾਰ ਦੀਆਂ ਪਰਤਾਂ ਦੇ ਸੰਬਾਦ ਨੂੰ ਪਿਤਰੀ ਮਨੋ-ਸੰਰਚਨਾ ਨਾਲ ਟਕਰਾਉ ਅਤੇ ਤਣਾਅ 'ਚ ਪ੍ਰਗਟ ਕਰਦੀ ਹੈ। ਇੱਥੇ ਵੀ ਨਾਰੀ ਬਰਾਬਰਤਾ ਦਾ ਪ੍ਰਸ਼ਨ ਬਰਕਰਾਰ ਰਹਿੰਦਾ ਹੈ। ਪਰ ਇਹ ਵੀ ਜਸਲੀਨ ਦੀ ਕਵਿਤਾ ਦੀ ਵਿਲੱਖਣਤਾ ਹੀ ਹੈ ਕਿ ਉਹ ਨਾ ਤਾਂ ਮਰਦ ਸਾਹਵੇਂ ਆਦਰਸ਼ਕ ਮਹਿਬੂਬਾ ਦੇ ਦੰਭ ਵਿਚ ਸਮਰਪਣ ਕਰਦੀ ਹੈ ਅਤੇ ਨਾ ਹੀ ਟਕਰਾਅ ਦਾ ਨਫ਼ਰਤੀ ਪ੍ਰਗਟਾਅ ਕਰਦੀ ਹੈ। ਇਹ ਉਲ੍ਹਾਮੇ, ਬੇਵਫ਼ਾਈ ਅਤੇ ਸਮਰਪਣ ਦੀ ਸ਼ਾਇਰੀ ਤੋਂ ਅਗਾਂਹ ਦੀ ਕਵਿਤਾ ਹੈ, ਜਿਸ ਵਿਚ ਮਰਦ ਬਨਾਮ ਔਰਤ ਦੀ ਪਰੰਪਰਕ ਭਾਰਤੀ ਸੰਸਕ੍ਰਿਤਕ ਵੰਡ (ਡਾਇਕੌਂਟਮੀ) ਦੇ ਪੈਤਰਿਕ ਸਰੂਪ ਦੀ ਟੋਟਲ ਵਿਸਥਾਪਨਾ (ਡੀਕੰਸਟਰਕਸ਼ਨ) ਹੈ।

ਆਪਣੇ ਤੀਜੇ ਕਾਵਿ-ਸੰਗ੍ਰਹਿ **ਮੱਧਮ ਮੱਧਮ** (2022) ਰਾਹੀਂ, ਜਸਲੀਨ

ਆਪਣੀ ਕਵਿਤਾ ਦੇ ਵਿਲੱਖਣ ਨਾਰੀ ਸੁਭਾਅ ਦੇ ਅਗਲੇ ਮਹੱਤਵਪੂਰਨ ਸਫ਼ਰ ਦਾ ਆਗਾਜ਼ ਕਰਦੀ ਹੈ। ਇਹ ਸੰਗ੍ਰਹਿ ਅੱਠ-ਨੌ ਸਾਲਾਂ ਦੇ ਲੰਮੇ ਵਕਫ਼ੇ ਤੋਂ ਬਾਅਦ ਪ੍ਰਕਾਸ਼ਿਤ ਹੁੰਦਾ ਹੈ। ਇਸ ਸਮੇਂ ਦੌਰਾਨ ਉਹ ਜ਼ਿੰਦਗੀ ਦੇ ਵੀ ਕਈ ਨਵੇਂ ਪੜਾਵਾਂ 'ਚ ਲੰਘਦੀ ਹੈ, ਜਿਸ ਵਿਚ 'ਮਾਂ' ਹੋਣ ਦਾ ਇਕ ਨਵਾਂ ਅਹਿਸਾਸ ਵੀ ਸ਼ਾਮਲ ਹੋ ਜਾਂਦਾ ਹੈ। ਇਸ ਸੰਗ੍ਰਹਿ ਦੀਆਂ ਕਵਿਤਾਵਾਂ, ਇਕ ਤਰ੍ਹਾਂ ਨਾਲ, ਉਸ ਦੀਆਂ ਪਹਿਲਾਂ ਦੀਆਂ ਕਵਿਤਾਵਾਂ ਦੀ ਲਗਾਤਾਰਤਾ ਵੀ ਹਨ ਅਤੇ ਜ਼ਿੰਦਗੀ ਦੇ ਅਸਲ ਸਫ਼ਰ ਤੇ ਅਹਿਸਾਸਾਂ ਦੇ ਪ੍ਰਗਟਾ ਦੇ ਰੂਪ ਵਿਚ ਨਵੀਆਂ ਅਤੇ ਕੁਝ ਕੁਝ ਵੱਖਰੀਆਂ ਵੀ ਹਨ। ਇਸ ਸੰਗ੍ਰਹਿ ਦੀ ਕਾਵਿ-ਭਾਸ਼ਾ ਵੀ ਵਧੇਰੇ ਵਿਸ਼ਲੇਸ਼ਣੀ, ਸੰਬਾਦਕੀ ਅਤੇ ਮਨੋ-ਬਚਨੀ ਹੋਈ ਹੈ। ਉਹ ਆਪਣੇ ਮਾਤਰੀ ਤਰਕ ਦੇ ਪ੍ਰਵਚਨ ਨੂੰ ਹੋਰ ਸ਼ਕਤੀਸ਼ਾਲੀ ਬਣਾਉਣ ਦੇ ਆਹਰ 'ਚ ਹੈ। ਇਸ ਆਹਰ ਵਿਚ ਉਹ ਰੀਟੋਰਿਕ ਦੀ ਭਾਸ਼ਾ ਦੇ ਤਿਆਗ ਰਾਹੀਂ, ਵਿਸ਼ਲੇਸ਼ਣੀ ਕਾਵਿ-ਭਾਸ਼ਾ ਸਿਰਜਣ ਦਾ ਯਤਨ ਕਰਦੀ ਹੈ। ਮੈਂ ਕਿਹਾ ਹੈ ਕਿ ਇਹ ਕਵਿਤਾ, ਪਹਿਲਾਂ ਦੀ ਕਵਿਤਾ ਦੀ ਲਗਾਤਾਰਤਾ ਦਾ ਅਗਲਾ ਸਫ਼ਰ ਹੈ, ਜਿਸ ਵਿਚ ਉਹ ਬੁਨਿਆਦੀ ਪ੍ਰਸ਼ਨ ਪਾਠਕਾਂ ਸਾਹਵੇਂ ਔਰਤ-ਮਰਦ ਦੀ ਨਾ-ਬਰਾਬਰੀ ਦਾ ਹੀ ਉਠਾਉਂਦੀ ਹੈ। ਉਹ ਇਸ ਸੰਗ੍ਰਹਿ ਦੀ ਦੂਜੀ ਕਵਿਤਾ ਵਿਚ ਹੀ ਇਹ ਪ੍ਰਸ਼ਨ ਉਠਾ ਰਹੀ ਹੈ। ਜਸਲੀਨ ਪਹਿਲਾਂ ਦੀ ਤਰ੍ਹਾਂ ਹੀ ਭਾਰਤੀ ਮਿੱਥਕ-ਜਗਤ ਅਤੇ ਸੰਸਕਾਰਾਂ ਦੀ ਪਿਤਰੀ ਵਿਆਕਰਣ ਦੀ ਵਿਸਥਾਪਨਾ ਰਾਹੀਂ ਹੀ ਇਹ ਸਿਧਾਂਤਕੀ ਕਵਿਤਾ ਘੜਦੀ ਹੈ। ਜਸਲੀਨ ਦੀ ਕਾਵਿ-ਸਮਰੱਥਾ ਇਹ ਹੈ ਕਿ ਉਹ ਅਜਿਹੀਆਂ ਕਵਿਤਾਵਾਂ ਨੂੰ ਜੀਵੰਤ ਅਤੇ ਊਰਜਾਵਾਨ ਬਣਾਉਣ ਲਈ ਪੁਰਾਤਨ ਰਵਾਇਤਾਂ ਅਤੇ ਸੰਸਕਾਰਾਂ ਸਾਹਮਣੇ ਮਨੋਵਿਗਿਆਨਕ ਛੂਹਾਂ ਵਾਲੀ ਸਿਰਜਿਤ ਕਾਵਿ-ਭਾਸ਼ਾ ਸਿਰਜ ਲੈਂਦੀ ਹੈ। ਕਵਿਤਾ ਸਿਧਾਂਤਕੀ ਦੇ ਬੋਝਲਪਣ ਨੂੰ ਢੱਕ ਕੇ ਆਪਣਾ ਪ੍ਰਭਾਵ ਸਿਰਜਦੀ ਹੈ। ਜੇ ਕਵੀ ਕੋਲ ਸਿਧਾਂਤਕੀ ਨੂੰ ਢੱਕਣ ਲਈ ਸਿਰਜਿਤ ਕਾਵਿ-ਭਾਸ਼ਾ ਨਹੀਂ ਤਾਂ ਕਵਿਤਾ ਸਿਧਾਂਤਕੀ ਦੇ ਬੋਝ 'ਚ ਹੀ ਦਮ ਤੋੜ ਦੇਂਦੀ ਹੈ। ਜਸਲੀਨ ਕੋਲ ਸਿਰਜਿਤ ਕਾਵਿ-ਭਾਸ਼ਾ ਦੀ ਸਮਰੱਥਾ ਹੈ:

*ਉਹ ਤਾਂ ਮੁੰਡਿਆਂ ਨਾਲ ਖੇਡਦੀ*
*ਤੇ ਜਿੱਤ ਜਾਣ ਉਪਰੰਤ*
*ਉਹਨਾਂ ਵਾਂਗ ਹੀ 'ਚਲ ਚੱਕ' ਵਰਗੇ*
*ਡਾਇਲਾਗ ਬੋਲਦੀ ਹੈ*
*ਇਸ ਕਰਕੇ ਤੇਰੀਆਂ ਨਜ਼ਰਾਂ 'ਚ*
*ਉਹ ਮਾਸੂਮ ਨਹੀਂ*
*ਮਾਸੂਮੀਅਤ ਤਾਂ ਮਟਕੀ ਭੰਨ*
*ਮੱਖਣ ਖਾਣ ਵਾਲੇ ਦੇ ਨਾਂ*
*ਰਿਜ਼ਰਵ ਕਰ ਦਿੱਤੀ ਜਾਂਦੀ ਹੈ*
*ਚਲ ਚੱਕ, ਉੱਚੀ ਨਿੱਛ ਮਾਰਨਾ, ਡਕਾਰ ਮਾਰਨਾ*
*ਸ਼ੋਭਾ ਨਹੀਂ ਦਿੰਦਾ*
*ਤੋਰ ਤਾਂ ਆਪਣੇ ਆਪ ਬਦਲ ਜਾਂਦੀ ਹੈ*
*ਜਦ ਉਹ ਤੇਰ੍ਹਾਂ ਵਰ੍ਹਿਆਂ ਦੀ ਕੰਜਕ ਨਾ ਰਹਿ*
*ਅਪਵਿੱਤਰ ਬਣ ਜਾਂਦੀ ਹੈ*
*ਸ੍ਰਿਸ਼ਟੀ ਦੀ ਸਿਰਜਣਾ ਦਾ ਆਧਾਰ*
*ਰਕਤ ਬੂੰਦ*
*ਅਪਵਿੱਤਰ ਕਿਵੇਂ ਹੋ ਗਈ*
*ਇਹੀ ਪ੍ਰਸ਼ਨ*
*ਬਹੁਤ ਰੜਕਦਾ ਹੈ ਮੈਨੂੰ*

ਇਹ ਸੰਸਕ੍ਰਿਤਕ ਪ੍ਰਤਿਮਾਨਾਂ ਦੇ ਦਮਨ ਦੀ ਪੈਤਰਿਕ ਸਮਾਜਕ-ਸੰਰਚਨਾ ਔਰਤ ਨੂੰ ਵਿਆਹ ਦੀ ਸੰਸਥਾ ਤੋਂ ਬਾਅਦ ਹੋਰ ਦਾਮਨਿਤ ਕਰਨ ਦੀਆਂ ਰੇਖਾਵਾਂ ਖਿੱਚ ਦਿੰਦੀ ਹੈ। ਭਾਰਤੀ ਅਤੇ ਪੰਜਾਬੀ ਸਮਾਜ ਵਿਚ ਵਿਆਹ ਦੀ ਸੰਸਥਾ ਦਾ ਸਾਰਾ ਪ੍ਰਤਿਮਾਨਕ ਬੋਝ ਔਰਤ ਦੇ ਸਿਰ 'ਤੇ ਹੀ ਪੈਂਦਾ ਹੈ। ਸਿਰਜਣਾਤਮਿਕ ਔਰਤ ਲਈ ਇਹ ਬੋਝ ਹੋਰ ਵੀ ਅਸਹਿ ਹੋ ਜਾਂਦਾ ਹੈ। ਜਸਲੀਨ ਅਜਿਹੇ ਦਾਮਨਿਤ ਪ੍ਰਪੰਚ ਨੂੰ, ਔਰਤ ਦੀ ਸੰਵੇਦਨਾ ਦੇ ਨੁਕਤੇ ਤੋਂ ਪ੍ਰਗਟ ਕਰਦੀ ਹੈ। ਪਰ ਔਰਤ ਦਾ ਇਹ ਦ੍ਰਿਸ਼ਟੀਕੋਣ ਇਕਹਿਰੇ ਪ੍ਰਤਿਰੋਧਕ ਰੂਪ ਦੀ ਬਜਾਏ,

ਸੰਸਕ੍ਰਿਤਕ ਰਿਸ਼ਤਿਆਂ ਦੀ ਪ੍ਰਤਿਮਾਨਕ ਵਿਆਕਰਣ ਦੀ ਸੰਘਣਤਾ ਸਮੇਤ ਪ੍ਰਗਟ ਹੁੰਦਾ ਹੈ। ਇਹ ਕਵਿਤਾ ਪੰਜਾਬੀ ਦੀ ਰੈਡੀਕਲ ਨਾਰੀਵਾਦ ਦੇ ਸਰਲ ਅਤੇ ਇਕਹਿਰੇ ਵਿਰੋਧਾਤਮਕ ਪ੍ਰਗਟਾਅ ਤੋਂ ਅਗਾਹ ਦਾ ਕਾਵਿ-ਸਫ਼ਰ ਹੈ, ਜਿਸ ਵਿਚ ਵਿਰੋਧ ਦੇ ਸਰਲ ਜੁੱਟ ਨਹੀਂ ਬਣਦੇ। ਆਰਕੀਟਾਈਪਾਂ ਦੀ ਸਰਲ ਵਿਰੋਧੀ-ਵੰਡ ਬੜੀ ਇਕਹਿਰੀ ਸੀ, ਜਿਹੜੀ ਰੀਟੋਰਿਕ ਰਾਹੀਂ, ਪ੍ਰਭਾਵਸ਼ਾਲੀ ਕਵਿਤਾ ਦਾ ਭਰਮ ਨਾਰੀ ਕਵਿਤਾ ਵਿਚ ਸਿਰਜ ਲੈਂਦੀ ਸੀ। ਮਸਲਨ 'ਪਤੀ' ਇਕ ਐਸਾ ਮੈਟਾਫ਼ਰ ਬਣਿਆ ਹੋਇਆ ਸੀ ਜਿਵੇਂ ਕਿ ਉਹ ਕੋਈ ਸਰਬਾਂਗੀ ਖ਼ਲਨਾਇਕ ਹੋਵੇ। ਅਜਿਹੀ ਕਵਿਤਾ ਵਿਰੋਧ ਦੇ ਸਰਲ ਆਰਕੀਟਾਈਪਾਂ ਦੇ ਵਿਰੋਧੀ-ਜੁੱਟਾਂ, ਜਿਵੇਂ ਪ੍ਰਕਿਰਤੀ-ਸੰਸਕ੍ਰਿਤੀ, ਕਾਮਨਾ-ਮਰਿਆਦਾ, ਪਤਨੀ-ਪਤੀ, ਪਿਉ-ਧੀ ਜਾਂ ਮਰਦ- ਔਰਤ ਦੇ ਸਰਲ ਵਿਰੋਧਾਂ ਦੀ ਰੀਟੋਰਿਕ ਹੀ ਬਣ ਜਾਂਦੀ ਸੀ। ਸੰਸਕ੍ਰਿਤਕ-ਸੰਰਚਨਾਵਾਂ ਐਨੀਆਂ ਸਰਲ ਨਹੀਂ ਹੁੰਦੀਆਂ ਜਿਨ੍ਹਾਂ ਨੂੰ ਇਕਹਿਰੇ ਸਰਲ ਵਿਰੋਧਾਂ 'ਚ ਵੰਡ ਕੇ ਸਮਝਿਆ ਜਾ ਸਕੇ। ਇਕੀਵੀਂ ਸਦੀ ਦੀ ਨਾਰੀ ਪੰਜਾਬੀ ਕਵਿਤਾ ਵਿਚ ਸਰਗਰਮ ਕੁਝ ਲੇਖਿਕਾਵਾਂ ਨੇ ਸੰਸਕ੍ਰਿਤਕ ਵਿਆਕਰਣ ਦੀ ਜਟਿਲਤਾ ਨੂੰ ਵੀ ਸਮਝਿਆ ਹੈ। ਔਰਤ-ਮਰਦ ਬਰਾਬਰੀ ਦਾ ਮਸਲਾ ਹੁਣ ਐਨਾ ਸਰਲ ਨਹੀਂ ਰਿਹਾ ਹੈ ਕਿ ਇਸ ਨੂੰ ਦੋ ਵਿਰੋਧੀ-ਜੁੱਟਾਂ ਦੀ ਮਕੈਨੀਕਲ ਵੰਡ ਰਾਹੀਂ ਸਮਝਿਆ ਜਾ ਸਕੇ। ਔਰਤ ਦੀ ਵਿਲੱਖਣਤਾ ਨੂੰ ਹੈਲਨ ਸਿਖੂ ਨੇ ਬਾਖ਼ੂਬੀ ਸਮਝਿਆ ਹੈ ਅਤੇ ਔਰਤ ਦੇ ਦੋਮ-ਦਰਜੇ ਦੀ ਬਾਇਓਲੋਜੀਕਲ ਹਸਤੀ ਦੇ ਤਰਕ ਨੂੰ, ਔਰਤ ਦੀ ਵਿਲੱਖਣ ਹਸਤੀ ਦੀ ਸਮਰੱਥਾ ਰਾਹੀਂ ਪ੍ਰਸਤੁਤ ਕੀਤਾ ਹੈ। ਦੈਰੀਦਾ ਵੀ ਜਦੋਂ ਆਪਣੀ 'ਡਿਫਰਾਂਸ ਥਿਊਰੀ' ਨੂੰ ਪਰਿਪੇਖ ਵਿਚ ਉਸਾਰਦਾ ਹੈ ਤਾਂ ਉਹ ਸਪਸ਼ਟ ਕਰਦਾ ਹੈ ਕਿ ਨਾਰੀ ਸੁਰਾਗ (Trace) ਨੂੰ ਵਖਰੇਂਵੇਂ ਦੀ ਵਿਲੱਖਣਤਾ 'ਚ ਪੜ੍ਹਨ ਦੀ ਜ਼ਰੂਰਤ ਹੈ। ਇਸ ਪਰਿਪੇਖ ਵਿਚ ਜਦੋਂ ਅਸੀਂ ਜਸਲੀਨ ਦੀਆਂ ਇਨ੍ਹਾਂ ਕਵਿਤਾਵਾਂ ਨੂੰ ਪੜ੍ਹਦੇ ਹਾਂ ਤਾਂ ਇਨ੍ਹਾਂ ਵਿਚ ਔਰਤ ਇਕ ਐਸੀ ਵਿਲੱਖਣ ਹੋਂਦ ਦੇ ਤੌਰ 'ਤੇ ਹਾਜ਼ਿਰ ਹੁੰਦੀ ਹੈ ਜਿਹੜੀ ਪੈਤਰਿਕ ਸਮਾਜ ਵਿਚ ਆਪਣੀ ਹਸਤੀ ਨੂੰ ਢੂੰਡਦੀ ਹੈ। ਜਿਵੇਂ ਮੈਂ ਕਿਹਾ ਹੈ ਕਿ ਪੰਜਾਬੀ ਸਮਾਜ ਵਿਚ ਇਹ ਹਸਤੀ ਵਿਆਹ ਤੋਂ ਬਾਅਦ, ਹੋਰ ਵਧੇਰੇ ਨਵੀਆਂ ਦੀਵਾਰਾਂ 'ਚ ਘਿਰੀ ਮਹਿਸੂਸ ਕਰਦੀ ਹੈ, 'ਗੂੜ੍ਹੀ ਲਿਪਸਟਿਕ 'ਚ ਛੁਪਾ' ਕਵਿਤਾ ਨਾਰੀ ਨਜ਼ਰੀਏ ਤੋਂ ਕਈ ਮਾਅਨਿਆਂ 'ਚ ਵਿਸ਼ੇਸ਼ ਹੈ, ਇਸ ਕਵਿਤਾ ਵਿਚਲੀ ਔਰਤ ਕੰਮ-ਕਾਜੀ ਔਰਤ ਹੈ। ਦਫ਼ਤਰ ਜਾਣ ਤੋਂ ਪਹਿਲਾਂ ਮਾਂ ਦਾ ਫ਼ਰਜ ਨਿਭਾਉਂਦੀ ਹੈ ਪਰ ਸੀਨੇ ਅੰਦਰ ਮਘਦੇ ਕਾਮ ਦੇ ਤਾਪ ਨੂੰ ਵੀ ਸ਼ਾਂਤ ਕਰ ਲੈਂਦੀ ਹੈ। ਇਸ ਕਵਿਤਾ ਨੂੰ ਅਰਥ ਦੇਣ ਲਈ ਜਸਲੀਨ ਨੇ ਇਕ ਮਨੋਵਿਗਿਆਨੀ ਵਾਂਗ ਟੁਟਵੀਂ ਨੀਂਦ 'ਚ ਰੀਪੀਟ ਹੁੰਦੇ ਸੁਪਨਿਆਂ ਵਿਚ ਬਚਪਨ ਦੀ ਸਹੇਲੀ, ਮਸਤਾਏ ਹਾਥੀ, ਬਘਿਆੜ, ਸ਼ੇਰ ਦਿਖਾਏ ਹਨ। ਪਰ ਇਨ੍ਹਾਂ ਤੋਂ ਬਚਣ ਲਈ ਉਹ ਕੀ ਕਰਦੀ ਹੈ? ਉੱਠ ਪੈਂਦੀ ਹੈ ਅਤੇ ਕਾਮਨਾਵਾਂ ਨੂੰ ਸ਼ਾਂਤ ਕਰ ਲੈਂਦੀ ਹੈ। ਇਥੇ ਸਵਾਲ ਪੈਦਾ ਹੁੰਦਾ ਹੈ ਕਿ ਵਿਆਹ ਦੀ ਜਿਹੜੀ ਸੰਸਥਾ, ਕਹਿਣ ਨੂੰ ਤਾਂ ਕਾਮੁਕਤਾ ਨੂੰ ਸ਼ਾਂਤ ਕਰਨ ਲਈ, ਸਮਾਜਕ ਜੀਵਨ ਜਿਊਣ ਲਈ ਈਜਾਦ ਕੀਤੀ ਹੈ-ਪਰ ਉਸਦਾ ਹਕੀਕੀ ਰੂਪ ਕੀ ਆਪਣਾ ਮਕਸਦ ਪੂਰ ਕਰ ਸਕਿਆ ਹੈ? ਸਵਾਲ ਤਾਂ ਇਹ ਵੀ ਪੈਦਾ ਹੁੰਦਾ ਹੈ ਕਿ ਕੀ ਕਾਮਨਾਵਾਂ ਸਮੇਤ ਹਰ ਕੁਰਬਾਨੀ ਔਰਤ ਨੇ ਹੀ ਕਰਨੀ ਹੈ? ਨਹੀਂ ਕਰੇਗੀ ਤਾਂ ਬਦਚਲਣ ਕਹਾਏਗੀ। ਸੋ ਜਸਲੀਨ ਐਸੀਆਂ ਕਵਿਤਾਵਾਂ ਰਾਹੀਂ, ਪੰਜਾਬ ਦੀ ਉਸ ਔਰਤ ਦੀ ਵਿੱਥਿਆ ਦੱਸਦੀ ਹੈ ਜਿਹੜੀ ਪੜ੍ਹੀ ਲਿਖੀ ਹੈ; ਵਿਆਹੀ ਹੋਈ ਹੈ; ਕੰਮ-ਕਾਜੀ ਹੈ ਰੋਜ਼ ਦਫ਼ਤਰ ਜਾਂਦੀ ਹੈ; ਮਾਂ ਦਾ ਫ਼ਰਜ਼ ਨਿਭਾਉਂਦੀ ਹੈ। ਪਰ ਉਸ ਨੂੰ ਇਹ ਕਿਸ ਕੀਮਤ 'ਤੇ ਕਰਨਾ ਪੈ ਰਿਹਾ ਹੈ? ਗੂੜ੍ਹੀ ਲਿਪਸਟਿਕ ਦਾ ਇਹ ਮੈਟਾਫ਼ਰ ਅਸਲ ਵਿਚ ਨਾਰੀ-ਮਨ ਦੀਆਂ ਅਕਾਂਖਿਆਵਾਂ ਦੇ ਦਮਨ ਦਾ ਹੀ ਪ੍ਰਗਟਾ ਹੈ ਜਿਸ ਨੂੰ ਔਰਤ ਇਕ ਕੁਸ਼ਲ ਐਕਟਰ ਵਜੋਂ ਕਰਦੀ ਹੈ। ਉਸ ਦੀ ਇਹ ਐਕਟਿੰਗ ਸਮਾਜਕ ਦਮਨ ਵਜੋਂ ਦੁਨਿਆਵੀ ਮੰਚ 'ਤੇ ਅਸਲ ਤੋਂ ਉਹਲੇ ਦੀ ਭੂਮਿਕਾ ਨਿਭਾਉਂਦੀ ਹੈ :

*ਗੂੜ੍ਹੀ ਲਿਪਸਟਿਕ 'ਚ ਛੁਪਾ*
*ਸਭ ਤਲਖ਼ੀਆਂ*
*ਤੁਰ ਜਾਂਦੀ ਹੈ ਦਫ਼ਤਰ*
*ਪਰਤ ਕੇ*
*ਕਰਦੀ ਹੈ ਪੂਰਾ ਹਰ ਫ਼ਰਜ਼ ਮਾਂ ਹੋਣ ਦਾ*
*ਕਦੇ ਨਹੀਂ ਆਖਦੀ ਪਤੀ ਨੂੰ*
*ਕਿ ਕਿਵੇਂ ਉਸ ਨੇ*
*ਸੀਨੇ ਅੰਦਰ ਮੱਘਦੇ ਕਾਮ ਦੇ ਤਾਪ ਨੂੰ*
*ਸ਼ਾਂਤ ਕਰ ਲਿਆ*

*ਤੜਕਸਾਰ ਜਦੋਂ ਟੁੱਟਵੀਂ ਨੀਂਦ ’ਚ*
*ਸੁਫਨੇ ਰਿਪੀਟ ਹੁੰਦੇ ਨੇ*
*ਤਾਂ ਦਿਖਦੀ ਹੈ ਉਸ ਨੂੰ ਕਮਜ਼ੋਰ ਮਾਂ*
*ਬਚਪਨ ਦੀ ਸਹੇਲੀ*
*ਮਸਤਾਏ ਹਾਥੀ*
*ਬਘਿਆੜ, ਸ਼ੇਰ*
*ਇਹਨਾਂ ਸਭ ਤੋਂ ਬਚਣ ਲਈ*
*ਉੱਠ ਬਹਿੰਦੀ ਹੈ*
*ਕੁਝ ਕੁ ਮਿੰਟ ਸੋਚਣ ਤੋਂ ਬਾਅਦ*
*ਘੜੀ ਵੇਖ, ਉੱਠਦੀ ਹੈ*
*ਗੂੜ੍ਹੀ ਲਿਪਸਟਿਕ ’ਚ ਛੁਪਾ ਸਭ ਤਲਖੀਆਂ*
*ਤੁਰ ਜਾਂਦੀ ਹੈ ਦਫ਼ਤਰ*

ਜਸਲੀਨ ਦੀ ਕਵਿਤਾ ਦੀ ਇਕ ਹੋਰ ਸਮਰੱਥਾ ਵੱਲ ਵੀ ਵਿਸ਼ੇਸ਼ ਧਿਆਨ ਜਾਂਦਾ ਹੈ ਜਦੋਂ ਉਹ ਮਨੋਵਿਗਿਆਨਕ ਛੂਹਾਂ ਨਾਲ ਉਹਲੇ ਦੇ ਇਸ ਅਭਿਨੈ ਦੇ ਅਸਲ/ਹਕੀਕੀ ਰੂਪ ਦੇ ਸੰਕੇਤ ਸਿਰਜ ਦਿੰਦੀ ਹੈ। ਮਸਲਨ ਇਸ ਕਵਿਤਾ ਵਿਚ ਉਸਨੂੰ ਸੁਫ਼ਨਿਆਂ/ਸਿਮਰਤੀਆਂ ’ਚ ਕਮਜ਼ੋਰ ਮਾਂ, ਬਚਪਨ ਦੀ ਸਹੇਲੀ, ਮਸਤਾਏ ਹਾਥੀ, ਬਘਿਆੜ, ਸ਼ੇਰ ਦਿਖਾਈ ਦਿੰਦੇ ਹਨ ਜਿਨ੍ਹਾਂ ਤੋਂ ਬਚਣ ਲਈ ਉਹ ਉੱਠ ਬਹਿੰਦੀ ਹੈ। ‘ਉੱਠ ਬਹਿੰਦੀ’ ਦਾ ਰੂਪਕ ਕਵਿਤਾ ਵਿਚ ਦੂਹਰੇ ਅਰਥ ਸਿਰਜ ਰਿਹਾ ਹੈ। ਇਕ ਅਰਥ (Signifier) ਔਰਤ ਦੇ ਚੇਤਨ ਹੋਣ ਦਾ ਹੈ ਦੂਜਾ ਚਿਹਨਾਰਥ ਫਿਰ ਉਸ ਅਭਿਨੈ ਦਾ ਹੈ ਜਿਹੜਾ ਉਸਨੂੰ ਸਮਾਜ ’ਚ ਟਿਕੇ ਰਹਿਣ ਲਈ ਕਰਨਾ ਪੈ ਰਿਹਾ ਹੈ। ਭਾਰਤੀ ਅਤੇ ਪੰਜਾਬੀ ਸਮਾਜ ਦੀ ਹਰ ਸਿਰਜਾਣਤਮਕ ਔਰਤ ਨੂੰ ਇਹ ਅਭਿਨੈ ਕਰਨਾ ਪੈਂਦਾ ਹੈ ਕਿਉਂਕਿ ਉਸ ਨੇ ਸਮਾਜ ਦੇ ਹਰ ਉਸ ਫਰਜ਼ ਨੂੰ ਨਿਭਾਉਂਣਾ ਹੈ ਜਿਹੜੇ ਉਸ ਲਈ ਬਤੌਰ ਔਰਤ ਪਿਤਰੀ ਸਮਾਜ ਦੀ ਵਿਆਕਰਣ ਨੇ ਘੜੇ ਹਨ। ਜਸਲੀਨ ਦੀ ਇਕ ਨਾਰੀਵਾਦੀ ਕਵਿੱਤਰੀ ਦੇ ਤੌਰ ’ਤੇ ਵਿਲੱਖਣਤਾ ਇਹ ਹੈ ਕਿ ਉਹ ਇਸ ਹਕੀਕਤ ਨੂੰ ਔਰਤ ਦੇ ਵਿਲੱਖਣ ਮਨੋਵਿਗਿਆਨ ਦੀਆਂ ਮਹੀਨ ਪਰਤਾਂ ’ਚੋਂ ਪੜ੍ਹਨ ਦਾ ਯਤਨ ਕਰਦੀ ਹੈ ਅਤੇ ਪਾਠਕ ਨੂੰ ਪੜ੍ਹਨ ਦੀ ਦ੍ਰਿਸ਼ਟੀ ਵੀ ਦਿੰਦੀ ਹੈ। ਅਸਲ ਵਿਚ ਜਸਲੀਨ ਇਸ ਕਵਿਤਾ ਰਾਹੀਂ, ਪੰਜਾਬੀ ਸਮਾਜ ਦੀ ਆਧੁਨਿਕਤਾ ’ਚ ਘਿਰੀ ਉਸ ਸਿਰਜਣਾਤਮਕ ਔਰਤ ਦੀ ਹੋਣੀ ਨੂੰ ਤਸੱਵਰ ਕਰਦੀ ਹੈ, ਜਿਹੜੀ ਮਜਬੂਰਨ ਆਪਣੀਆਂ ਤਮਾਮ ਅਕਾਂਖਿਆਵਾਂ ਨੂੰ ਦਬਾਅ ਕੇ ਪਤਨੀ, ਮਾਂ, ਚੰਗੀ ਕਾਮਾ (ਦਫ਼ਤਰ ਦਾ ਕੰਮ ਇਮਾਨਦਾਰੀ ਨਾਲ ਕਰਨ ਵਾਲੀ ਕਾਮਾ) ਅਤੇ ਕੁੱਲ ਮਿਲਾ ਕੇ ‘ਚੰਗੀ ਔਰਤ’ ਬਣੀ ਰਹਿਣ ਦੀ ਐਕਟਿੰਗ ਕਰਦੀ ਹੈ।

ਜਸਲੀਨ ਦੀਆਂ ਇਨ੍ਹਾਂ ਕਵਿਤਾਵਾਂ ਦੇ ਨਾਰੀ-ਥੀਮ ਦਾ ਇਕ ਹੋਰ ਹਿੱਸਾ, ਉਨ੍ਹਾਂ ਸਿਮਰਤੀਆਂ ਦਾ ਹੈ ਜਿਸ ਰਾਹੀਂ ਉਹ ਆਪਣੀ ਮੁਹੱਬਤ ਦਾ ਵਿਸ਼ਲੇਸ਼ਣ ਕਰ ਰਹੀ ਹੈ। ਇਨ੍ਹਾਂ ਸਿਮਰਤੀਆਂ ਵਿਚ ਭੂਤ ਅਤੇ ਵਰਤਮਾਨ ਇਕ ਲਗਾਤਾਰਤਾ ’ਚ ਯਾਦਾਂ ਦੀਆਂ ਤਾਰੀਆਂ ’ਚ ਸ਼ਾਮਿਲ ਹਨ। ਮੈਂ ਸ਼ਬਦ ਵਿਸ਼ਲੇਸ਼ਣ ਇਸ ਕਰਕੇ ਵਰਤਿਆ ਹੈ ਕਿਉਂਕਿ ਕਵਿਤਰੀ ਇਨ੍ਹਾਂ ਕਵਿਤਾਵਾਂ ਰਾਹੀਂ ਔਰਤ-ਮਰਦ ਸਬੰਧਾਂ (ਭਾਰਤੀ ਅਤੇ ਪੰਜਾਬੀ ਸਮਾਜ ਵਿਚ) ਦੇ ਬਹੁ-ਵਿਧ ਕੌਣਾਂ ਨੂੰ ਸਮਝਣ ਦੇ ਯਤਨ ਵੀ ਕਰਦੀ ਹੈ; ਪ੍ਰਸ਼ਨ ਵੀ ਖੜ੍ਹੇ ਕਰਦੀ ਹੈ; ਮਿੱਠੇ-ਕੌੜੇ ਅਨੁਭਵਾਂ ਨੂੰ ਮਹਿਸੂਸ ਵੀ ਕਰਦੀ ਹੈ। ਇਨ੍ਹਾਂ ਸਬੰਧਾਂ ਦੇ ਬਹੁ-ਭਿੰਨ ਪ੍ਰਗਟਾਵਿਆਂ ਰਾਹੀਂ, ਜਸਲੀਨ ਭਾਵੇਂ ਸਵੈ-ਬਿਰਤਾਂਤ ਦੀ ਵਿਧੀ ਨੂੰ ਚੁਣਦੀ ਹੈ ਪਰ ਅਸੀਂ ਇਸ ਸਵੈ-ਬਿਰਤਾਂਤ ’ਚ ਔਰਤ ਦੇ ਵਿਲੱਖਣ ਸੰਸਾਰ ਦੀ ਅਸਥੈਟਿਕਸ, ਤਣਾਅ, ਸੈਲੀਬੀਰੇਸ਼ਨ, ਮਨੋਵਿਗਿਆਨਕ ਦਮਨ ਦੇ ਅਹਿਸਾਸਾਂ ਤਕ ਪਹੁੰਚਦੇ ਹਾਂ, ਕਿਉਂਕਿ ਇਹ ਕਵਿਤਾ ਕਿਸੇ ਕਿਸਮ ਦੀ ਇਕਹਿਰੀ ਡਾਇਕੌਟਮੀ (ਵੰਡ) ਦੀ ਕਵਿਤਾ ਨਹੀਂ - ਇਸ ਲਈ ਇਨ੍ਹਾਂ ਕਵਿਤਾਵਾਂ ਦੀ ਪਰਟੈਗੋਨਿਸਟ (ਕਾਵਿ-ਨਾਇਕਾ) ਔਰਤ ਦੇ ਰੂਪ ਵਿਚ ਇਕੋ ਦਾਮਨਿਤ ਰੂਪ ਵਿਚ ਹਾਜ਼ਿਰ ਨਹੀਂ ਹੁੰਦੀ ਸਗੋਂ ਇਹ ਕਾਵਿ-ਨਾਇਕਾ, ਇਨ੍ਹਾਂ ਸਬੰਧਾਂ ਨੂੰ ਸਮਝਣ ਦੀ ਇਕ ਪਾਤਰ ਵੀ ਬਣ ਜਾਂਦੀ ਹੈ। ਇਹੀ ਕਾਰਨ ਹੈ ਕਿ ਕਾਵਿ-ਭਾਸ਼ਾ ਰੀਟੋਰਿਕ ਦੀ ਬਜਾਏ ਵਿਸ਼ਲੇਸ਼ਣ ਦੇ ਰੂਪਾਕਾਰ ਨੂੰ ਸਿਰਜਦੀ ਹੈ। ‘ਉਲਝਣ’ ਵਰਗੀਆਂ ਕਈ ਕਾਵਿਤਾਵਾਂ ਮੁਹੱਬਤ ਦੇ ਰਿਸ਼ਤੇ ਨੂੰ ਭੂਤ ਦੀਆਂ ਸਿਮਰਤੀਆਂ ਰਾਹੀਂ ਜਦੋਂ ਵਰਤਮਾਨ ’ਚ ਵਿਸ਼ਲੇਸ਼ਿਤ ਕਰਦੀਆਂ ਹਨ ਤਾਂ ਇਨ੍ਹਾਂ ’ਚ ਕਈ ਹੋਰ ਰਿਸ਼ਤੇ ਵੀ ਰਲਗੱਡ ਹੋਣ ਲੱਗਦੇ ਹਨ।

ਇਹ ਉਸ ਪ੍ਰੇਮਿਕਾ ਦੀ ਹਕੀਕਤ ਦਾ ਮਨੋਵਿਗਿਆਨਕ ਚਿਤ੍ਰਣ ਹੈ ਜਿਹੜੀ ਇੱਕੋ ਸਮੇਂ ਮਹਿਬੂਬਾ, ਪਤਨੀ ਅਤੇ ਮਾਂ ਹੈ। ਇਸ ਤਰ੍ਹਾਂ ਜਸਲੀਨ ਦੀਆਂ ਇਹ ਨਾਰੀ-ਮਨ ਦੀਆਂ ਕਵਿਤਾਵਾਂ, ਜੀਵਨ ਦੀ ਜਟਿਲਤਾ ਨੂੰ ਉਲਝੇ ਹੋਏ ਜਟਿਲ ਰਿਸ਼ਤਿਆਂ ਰਾਹੀਂ ਪ੍ਰਭਾਵਸ਼ਾਲੀ ਨਾਰੀ ਕਵਿਤਾ ਦਾ ਇਕ ਮਹੱਤਵਪੂਰਨ ਰੂਪਾਕਾਰ ਸਿਰਜ ਰਹੀਆਂ ਹਨ। ਇਹ ਰੈਡੀਕਲ ਨਾਰੀਵਾਦ ਦੇ ਸਰਲ ਅਤੇ ਰੀਟੋਰਿਕ ਵਿਰੋਧ ਨੂੰ ਤਿਆਗ ਕੇ ਨਾਰੀ-ਮਨ ਦੀਆਂ ਸੋਚਾਂ ਅਤੇ ਸਿਮਰਤੀਆਂ ਦਾ ਵਧੇਰੇ ਹਕੀਕੀ ਰੂਪ ਦਿੱਤਾ ਜਾ ਸਕਦਾ ਹੈ:-

*ਸਭ ਰਿਸ਼ਤੇ ਰਲਣ ਲਗ ਪਏ ਨੇ*
*ਅੱਜ ਕੱਲ੍ਹ ਕਵਿਤਾਵਾਂ 'ਚ*
*ਮੇਰਾ ਪਿਆਰ*
*ਪਰਤਦਾ ਹੈ ਕਦੇ ਕਦੇ ਮੇਰੇ ਕੋਲ*
*ਮੇਰਾ ਦਿਲ ਕਰਦੈ*
*ਤੇਰੇ ਨਾਲ ਗੱਲਾਂ ਕਰਾਂ*
*ਗੱਲਾਂ ਕਰਾਂ ਤੇ ਦੱਸਾਂ*
*ਪਰ ਤੂੰ ਵੀ ਉਲਝਿਆ ਫਿਰਦੈਂ*
*ਮੈਂ ਕਦੇ ਤੈਨੂੰ ਰੋਂਦਿਆਂ ਨੀ ਵੇਖਿਆ*
*ਕਦੇ ਕਦੇ ਸ਼ੱਕ ਹੁੰਦਾ ਏ*
*ਤੂੰ ਵੀ ਕਾਤਲ*
*ਕਾਫੀ ਹਾਊਸ 'ਚ ਬੈਠਾ*
*ਬੜਾ ਵਲਗਰ ਹੁੰਨੈ*
*ਮੈਨੂੰ ਲਗਦੈ*
*ਝੂਠ, ਭਰਮ*
*ਉਲਝ ਗਿਐ ਸਭ ਕੁਝ*
*ਕਈ ਤਸਵੀਰਾਂ ਦੇ*
*ਸਭ ਆਪਸ 'ਚ ਉਲਝੀਆਂ*
*ਪਤਾ ਨਹੀਂ ਕਿਉਂ ਤੇਰੀਆਂ ਗੱਲਾਂ ਦੀ ਮਹਿਕ*
*ਅਜੀਬ*
*ਅਮੁੱਕ*
*ਦਰਦ ਨਾਲ ਭਰੀ*
*ਹਰ ਆਵਾਜ਼ 'ਚੋਂ ਤੇਰਾ ਅਕਸ ਭਾਲਦੀ*
*ਅਮੁੱਕ ਸਫ਼ਰ*

ਅਜਿਹੀਆਂ ਕਵਿਤਾਵਾਂ ਕਵਿੱਤਰੀ ਦੀਆਂ ਸਾਧਾਰਨ ਰੋਮਾਂਟਿਕ ਸਿਮਰਤੀਆਂ ਨਹੀਂ ਸਗੋਂ ਇਸ ਵਿਚ ਦੂਜੇ ਦਾ ਦਰਦ ਵੀ ਸ਼ਾਮਿਲ ਹੈ। ਜਿਸ ਨੂੰ ਮਹਿਬੂਬਾ ਦੇ ਰੂਪ ਵਿਚ ਨਾਰੀ-ਮਨ ਦੇ ਵਿਲੱਖਣ ਅਹਿਸਾਸ ਰਾਹੀਂ ਪ੍ਰਗਟਾਇਆ ਗਿਆ ਹੈ। ਨਾਰੀ-ਮਨ ਦੀ ਵਿਲੱਖਣਤਾ ਹੀ ਇਹ ਹੈ ਕਿ ਉਹ ਆਪਣੇ ਪ੍ਰੇਮੀ ਲਈ ਇਹ ਫ਼ਤਵਾ ਨਹੀਂ ਦੇ ਸਕਦੀ ਕਿ ਉਹ ਬੇਵਫ਼ਾ ਹੈ। ਇਹ ਕਵਿਤਾਵਾਂ ਪ੍ਰੇਮ-ਸਬੰਧਾਂ ਦੇ ਪ੍ਰਮਾਣਿਕ ਅਨੁਭਵਾਂ ਅਤੇ ਅਹਿਸਾਸਾਂ 'ਚੋਂ ਸਿਰਜੀਆਂ ਗਈਆਂ ਹਨ; ਕੋਈ ਵਿਚਾਰ ਬਣਾ ਕੇ ਵਫ਼ਾ ਜਾਂ ਬੇਵਫ਼ਾ ਦੇ ਫ਼ਤਵੇ ਤੋਂ ਪਾਰ ਦੀਆਂ। ਹੋਰ (other) ਦੇ ਦਰਦ ਦੇ ਅਹਿਸਾਸ ਦਾ ਇਹ ਅਮੁੱਕ ਸਫ਼ਰ, ਔਰਤ ਦੀ ਵਿਚਾਰਗੀ ਦਾ ਨਹੀਂ ਸਗੋਂ ਔਰਤ ਦੇ ਮੁਹੱਬਤੀ ਅਸਤਿਤਵ ਦੀ ਵਿਲੱਖਣਤਾ ਦੀ ਬੁਨਿਆਦ ਹੈ। ਜਸਲੀਨ ਦੀਆਂ ਇਹ ਕਵਿਤਾਵਾਂ ਸਰਲ ਵਿਰੋਧੀ ਬਾਇਨਰੀਜ਼ (ਵਿਰੋਧ-ਜੁਟਾਂ) ਨੂੰ ਤੋੜ ਦਿੰਦੀਆਂ ਹਨ ਜਿਸ ਦੀ ਸਿਰਜਣਾ ਰੈਡੀਕਲ ਨਾਰੀਵਾਦ ਨੇ ਕੀਤੀ ਸੀ। ਇੱਥੋਂ ਤਕ ਕਿ ਇਹ ਕਵਿਤਾਵਾਂ ਮੁਹੱਬਤੀ ਸਫ਼ਰ ਨੂੰ ਅਮੁੱਕ ਬਣਾਉਂਦੀਆਂ, ਇਨ੍ਹਾਂ ਦੇ ਮਾਨਵੀ ਸੰਵੇਦਨਾ ਰੂਪਾਂ ਨੂੰ ਸਮੇਂ/ਕਾਲ ਤੋਂ ਵੀ ਅਗਾਂਹ ਲੈ ਜਾਂਦੀਆਂ ਹਨ। ਸਿਮਰਤੀਆਂ ਦੇ ਹਵਾਲੇ ਭਾਵੇਂ ਭੂਤ-ਕਾਲ ਦੇ ਹਨ ਪਰ ਕਾਵਿ-ਨਾਇਕਾ ਦੇ ਅਹਿਸਾਸ ਵਰਤਮਾਨ 'ਚ ਸਥਿਤ ਹਨ। ਭਵਿੱਖ 'ਚ ਵੀ ਇਨ੍ਹਾਂ ਦੇ ਬਦਲਵੇਂ ਰੂਪਾਂ 'ਚ ਬਣੇ ਰਹਿਣ ਦੀ ਚਾਹਤ ਹੈ। ਇਹੀ ਕਾਰਨ ਹੈ ਕਿ ਜਸਲੀਨ ਦੀਆਂ ਕਵਿਤਾਵਾਂ 'ਚ ਆਏ ਮੁਹੱਬਤੀ ਰਿਸ਼ਤਿਆਂ ਦੀ

ਬੁਨਿਆਦ ਲੰਮੇਰੀ ਹੈ, ਅਮੁੱਕ ਹੈ। 'ਅਤ੍ਰਿਪਤੀ' ਕਵਿਤਾ ਰਾਹੀਂ ਉਹ ਰਿਸ਼ਤਿਆਂ ਦੀ ਠੋਸ ਜ਼ਮੀਨ ਅਤੇ ਅਮੁੱਕ ਸਫ਼ਰ ਦੀ ਚਾਹਤ ਨੂੰ ਪ੍ਰਗਟ ਕਰਦੀ ਹੈ। ਮੁਹੱਬਤ ਨੂੰ ਥੋੜ੍ਹ ਚਿਰੇ ਵਕਤੀ ਉਬਾਲ ਨੂੰ ਉਹ ਹਾਰੇ ਹੋਏ ਮਾਨਵ ਦੀ ਹੋਣੀ ਸਮਝਦੀ ਹੈ ਜਿਹੜਾ ਪ੍ਰੇਮ-ਸਬੰਧਾਂ 'ਚ ਸਥਿਰ ਨਹੀਂ; ਨਵੇਂ ਨਵੇਂ ਪ੍ਰੇਮ-ਸਬੰਧਾਂ ਦੀ ਭਾਲ-ਭਟਕਣ 'ਚ ਲੱਗਿਆ ਰਹਿੰਦਾ ਹੈ। ਇਸ ਭਾਲ-ਭਟਕਣ ਨੂੰ ਹਾਰੇ ਹੋਏ ਮਨੁੱਖ ਦੀ ਭਟਕਣ ਦੇ ਤੌਰ 'ਤੇ ਪਰਿਭਾਸ਼ਿਤ ਕਰਦਿਆਂ, ਰਿਸ਼ਤਿਆਂ ਦੇ ਉਪਭੋਗੀ ਚਰਿੱਤਰ 'ਤੇ ਪਰਹਾਰ ਕਰਦਿਆਂ ਜਸਲੀਨ ਰਿਸ਼ਤਿਆਂ ਦੀ ਸਥਿਰਤਾ 'ਤੇ ਵਿਸ਼ਵਾਸ ਪ੍ਰਗਟ ਕਰਨ ਦਾ ਪੈਗਾਮ ਵੀ ਸਿਰਜ ਦਿੰਦੀ ਹੈ। ਅਸਲ ਵਿਚ ਨਵੇਂ ਪ੍ਰੇਮ-ਸਬੰਧਾਂ ਦੀ ਵਿਆਕਰਣ ਟਿਕੀ ਹੀ ਉਪਭੋਗੀ ਕਿਰਦਾਰ 'ਤੇ ਹੈ ਜਿਸ ਨੂੰ ਕਵਿਤਰੀ ਪ੍ਰੇਮ-ਮਾਰਗ ਦੇ ਅਮੁੱਕ ਸਫ਼ਰ ਰਾਹੀਂ ਡੀਕੰਸਟ੍ਰੱਕਟ (Deconstruct) ਕਰ ਦਿੰਦੀ ਹੈ:

*ਹਾਰਿਆ ਹੋਇਆ ਮਨੁੱਖ*
*ਤਿੜਕ ਜਾਂਦੈ*
*ਭਟਕ ਜਾਂਦੈ*
*ਰਸਤੇ ਤੋਂ*
*ਲੱਭਦਾ ਹੈ ਨਵੇਂ ਪ੍ਰੇਮ-ਸਬੰਧ*
*ਆਪਣੇ ਆਪ ਨੂੰ ਧੋਖਾ ਦੇਣ ਲਈ*
*ਤੇ ਮੈਨੂੰ ਪਤੈ*
*ਕਿ ਮੈਂ ਹਾਰਿਆ ਹੋਇਆ ਮਨੁੱਖ ਨਹੀਂ*

ਆਪਣੀ ਜਿੱਤ ਦੀ ਚਿੰਤਨ-ਚੇਤਨਾ ਉਨ੍ਹਾਂ ਪ੍ਰੇਮ-ਸਬੰਧਾਂ 'ਚੋਂ ਆਉਂਦੀ ਹੈ ਜਿਹੜੇ ਮਾਨਵੀ ਸੰਵੇਦਨਾਵਾਂ 'ਤੇ ਟਿਕੇ ਹੁੰਦੇ ਹਨ। ਮਾਨਵੀ ਸੰਵੇਦਨਾਵਾਂ 'ਤੇ ਟਿਕੇ ਇਨ੍ਹਾਂ ਰਿਸ਼ਤਿਆਂ ਦੀ ਸ਼ਿੱਦਤ ਬਣੀ ਰਹਿੰਦੀ ਹੈ ਜਦ ਕਿ ਉਪਭੋਗੀ ਰਿਸ਼ਤਿਆਂ 'ਚ ਭਟਕਣ ਪੱਲੇ ਪੈਂਦੀ ਹੈ। ਰਿਸ਼ਤਿਆਂ ਦੇ ਇਸ ਸੰਵੇਦਨੀ ਸੁਹਜ ਨੂੰ ਜਸਲੀਨ ਬਾਖ਼ੂਬੀ, ਇਨ੍ਹਾਂ ਕਵਿਤਾਵਾਂ 'ਚ ਪ੍ਰਗਟ ਕਰਦੀ ਹੈ।

ਇਸ ਕਾਵਿ-ਸੰਗ੍ਰਹਿ ਦੀ ਕਾਵਿ-ਨਾਇਕਾ ਇਕ ਪ੍ਰੌੜ-ਮਨ ਨਾਰੀ ਹੈ ਜਿਹੜੀ ਮਾਂ ਦੇ ਰੂਪ ਵਿਚ ਮਾਂ-ਪੁੱਤ ਦੇ ਰਿਸ਼ਤੇ ਦੀ ਸੰਵੇਦਨਾ ਨੂੰ ਬਹੁਤ ਹੀ ਸ਼ਿੱਦਤ ਨਾਲ ਪ੍ਰਗਟ ਕਰ ਰਹੀ ਹੈ। ਸਵੈ-ਬਿਰਤਾਂਤ ਦੀ ਕਾਵਿਕ-ਵਿਧੀ ਨਾਲ ਉਹ ਕਈ ਕਵਿਤਾਵਾਂ ਆਪਣੇ ਪੁੱਤਰ ਗਨੀਵ ਦੇ ਹਵਾਲੇ ਨਾਲ ਸਿਰਜਦੀ ਹੈ। ਇਨ੍ਹਾਂ ਕਵਿਤਾਵਾਂ ਵਿਚ 'ਗਨੀਵ', 'ਏ. ਬੀ. ਸੀ. ਡੀ.', 'ਅਣਭੋਲ', 'ਮੇਰੇ ਪਿਆਰੇ ਬੱਚੇ', 'ਮਾਂ ਦਾ ਡਰ' ਵਿਸ਼ੇਸ਼ ਹਨ। ਇਨ੍ਹਾਂ ਕਵਿਤਾਵਾਂ ਵਿਚ ਕਾਵਿ-ਬਿਰਤਾਂਤ ਆਪਣੇ ਢਾਈ ਸਾਲਾਂ ਦੇ ਵੱਡੇ ਹੋ ਰਹੇ ਪੁੱਤਰ ਬਾਰੇ ਕਈ ਤਰ੍ਹਾਂ ਦੇ ਖ਼ੂਬਸੂਰਤ ਅਹਿਸਾਸ ਹਨ। ਮਾਂ ਦੇ ਰੂਪ ਵਿਚ ਕਵਿਤਰੀ ਨਹੀਂ ਚਾਹੁੰਦੀ ਕਿ ਢਾਈ ਸਾਲਾਂ ਦੇ ਮਾਸੂਮ ਪੁੱਤ 'ਤੇ ਏ. ਬੀ. ਸੀ. ਡੀ. ਦਾ ਬੋਝ ਲੱਦਿਆ ਜਾਵੇ। 'ਏ. ਬੀ. ਸੀ. ਡੀ. ਦਾ ਬੋਝ' ਕਵਿਤਾ ਕਈ ਤਰ੍ਹਾਂ ਨਾਲ ਵਿਸ਼ੇਸ਼ ਹੈ। ਤੇਜ਼ ਰਫ਼ਤਾਰ ਪ੍ਰਤਿਯੋਗੀ ਮੰਡੀ ਦੇ ਯੁੱਗ ਵਿਚ ਮਾਪਿਆਂ ਨੂੰ ਬੜੀ ਕਾਹਲ ਹੈ ਕਿ ਉਨ੍ਹਾਂ ਦਾ ਬੱਚਾ ਛੇਤੀ-ਛੇਤੀ ਅੰਗਰੇਜ਼ੀ ਸਿੱਖ ਜਾਵੇ। ਪਰ ਮਾਂ ਦੇ ਪਿਆਰ ਅੱਗੇ ਉਸਦਾ ਮਾਸੂਮ ਰੂਪ ਹੈ ਜਿਸ ਸਾਹਵੇਂ ਦੁਨੀਆਂ ਦਾ ਹਰ ਵਨ, ਟੂ, ਥਰੀ ਛੋਟਾ ਹੈ:

*ਅਜੇ ਤੂੰ ਬਸ ਢਾਈ ਵਰਿਆਂ ਦਾ ਹੈਂ*
*ਹੌਲੀ ਹੌਲੀ ਸਭ ਸਿੱਖ ਜਾਏਂਗਾ*
*ਮੈਂ ਨਹੀਂ ਪਾ ਸਕਦੀ*
*ਤੇਰੇ ਕੋਮਲ ਮਨ ਤੇ*
*ਏ. ਬੀ. ਸੀ. ਡੀ. ਲਿਖਣ ਦਾ ਬੋਝ*

ਇਵੇਂ ਹੀ 'ਮੇਰੇ ਪਿਆਰੇ ਬੱਚੇ' ਦੀਆਂ ਕੁਝ ਸਤਰਾਂ ਦੇਖਦੇ ਹਾਂ:

*ਨਿੱਕੇ-ਨਿੱਕੇ ਹੱਥਾਂ ਨਾਲ ਮੇਰਾ ਮੁੱਖ ਫੜ੍ਹ*
*ਜਦ ਤੂੰ ਗੱਲਾਂ ਕਰਦੈਂ*
*ਤਾਂ ਬਹੁਤ ਪਿਆਰਾ ਲਗਦੈਂ*
*ਮੇਰੇ ਮੱਥੇ ਦੀ ਬਿੰਦੀ*
*ਉਂਗਲਾਂ ਨਾਲ ਲਾਹ*
*ਜਦ ਆਪਣੇ ਮੱਥੇ ਤੇ ਲਾਉਦੈਂ*

*ਤਾਂ ਇੰਜ ਲਗਦਾ*
*ਜਿਵੇਂ ਇਹ ਬਿੰਦੀ*
*ਸ਼ਿੰਗਾਰ ਲਈ ਨਹੀਂ*
*ਤੇਰੇ ਲਾਹੁਣ ਲਈ ਹੀ ਲਾਈ ਸੀ ਮੈਂ ਮੱਥੇ ਤੇ*
*ਨਹਾ ਧੋ ਕੇ*
*ਤੈਨੂੰ ਚੁੱਕ ਲਵਾਂ*
*ਤਾਂ ਲਗਦੈ ਮੇਰਾ ਸ਼ਿੰਗਾਰ ਪੂਰਾ ਹੋ ਗਿਆ*
*ਮੇਰਾ ਸਭ ਕੁਝ ਹੈ ਤੂੰ ਗਨੀਵ*

'ਗਨੀਵ' ਕਵਿਤਾ ਵਿਚ ਭਾਵੇਂ ਅਹਿਸਾਸ ਮਾਂ ਦੇ ਹਨ ਜਿਹੜੇ ਪੁੱਤਰ ਗਨੀਵ ਨੂੰ ਰੱਬ ਦੇ ਰੂਪ ਵਿਚ ਚਿਤਵਦੇ ਹਨ ਪਰ ਕਵਿਤਾ ਦੇ ਪਹਿਲੇ ਹਿੱਸੇ ਦੇ ਬੋਲ ਬਹੁਤ ਹੀ ਸੰਵੇਦਨੀ ਹਨ:

*ਮਾਂ*
*ਤੈਨੂੰ ਪਤੈ*
*ਮੇਰੇ ਕੋਲ ਰੱਬ ਹੈ*
*ਨਾਨਕ*
*ਮੇਰਾ ਨਾਨਕ*
*ਮੇਰਾ ਥੰਮ੍ਹ*
*ਜਿਹਨੂੰ ਮੈਂ*
*ਗਲ ਲਾ ਸਕਦੀ ਹਾਂ*
*ਜਿਹਨੂੰ ਮੈਂ ਛੂਹ ਸਕਦੀ ਹਾਂ*
*ਚੁੰਮ ਸਕਦੀ ਹਾਂ*
*ਗਰਮ ਲੋਹੇ ਦਾ ਥੰਮ੍ਹ ਨਹੀਂ ਹੈ ਏਹ*
*ਜਿਹਨੂੰ ਜੱਫੀ ਪਾਉਣ ਤੋਂ ਪਹਿਲਾਂ*
*ਤੁਰਦੀ ਕੀੜੀ ਵੇਖ ਕੇ*
*ਸੰਦੇਹ ਮੁਕਤ ਹੋਣਾ ਪਵੇ*

ਮਾਂ ਦੇ ਇਹ ਅਹਿਸਾਸ, ਦੁਨੀਆਂ ਦੀ ਹਰ ਮਾਂ ਦੇ ਉਹ ਅਹਿਸਾਸ ਹਨ ਜਿਨ੍ਹਾਂ 'ਚ ਉਹ ਆਪਣੇ ਪੁੱਤਰ ਨੂੰ ਆਪਣੇ ਰੱਬ ਵਾਂਗ ਚਿਤਵ ਸਕਦੀ ਹੈ, ਜਿਸ 'ਤੇ ਏ. ਬੀ. ਸੀ. ਡੀ. ਦੇ ਬੋਝ ਨੂੰ ਲੱਦ ਨਹੀਂ ਸਕਦੀ, ਉਸਨੂੰ ਗਲਵਕੜੀ 'ਚ ਲੈ ਸਕਦੀ ਹੈ, ਚੁੰਮ ਸਕਦੀ ਹੈ। ਪੁੱਤ ਪ੍ਰਤਿ ਅਜਿਹੇ ਅਹਿਸਾਸ ਨਾਰੀਪਾਠ ਦੀ ਵੀ ਵਿਸ਼ੇਸ਼ ਪ੍ਰਾਪਤੀ ਹੈ। ਰਿਸ਼ਤਿਆਂ ਦੇ ਚਿਹਨਕੀ ਸੰਸਾਰ 'ਚ ਜਸਲੀਨ ਨੇ ਪ੍ਰੇਮੀ ਅਤੇ ਪੁੱਤ ਤੋਂ ਇਲਾਵਾ ਦੋ ਰਿਸ਼ਤੇ ਹੋਰ ਵਿਸ਼ੇਸ਼ ਰੂਪ ਵਿਚ, ਇਨ੍ਹਾਂ ਕਵਿਤਾਵਾਂ 'ਚ ਸਿਰਜੇ ਹਨ। ਇਕ ਉਸਦੀ ਆਪਣੀ ਮਾਂ ਦੇ ਚਿਹਨਕੀ ਸੰਸਾਰ ਦੇ ਰਿਸ਼ਤੇ ਅਤੇ ਇਕ ਸਖੀ (ਸਹੇਲੀ) ਦੇ ਰੂਪ ਵਿਚ। ਇਨ੍ਹਾਂ ਕਵਿਤਾਵਾਂ 'ਚੋਂ ਦੋ ਕਵਿਤਾਵਾਂ ਵਿਸ਼ੇਸ਼ ਤੌਰ 'ਤੇ ਜੋ ਮਾਂ ਬਾਰੇ ਹਨ, ਧਿਆਨ ਖਿੱਚਦੀਆਂ ਹਨ 'ਮਾਂ-1', 'ਮਾਂ-2'

ਇਨ੍ਹਾਂ ਕਵਿਤਾਵਾਂ ਵਿਚਲੀ ਮਾਂ ਕਮਜ਼ੋਰ ਨਹੀਂ- ਬੇਟੀ ਦੀ ਸਿਰਜਨਾ ਕਰਨ ਵਾਲੀ ਐਸੀ ਮਾਂ ਹੈ ਜਿਸ ਬਿਨ੍ਹਾਂ ਬੇਟੀ ਨੂੰ ਸਾਰਾ ਸੰਸਾਰ ਖਲਾਅ ਮਹਿਸੂਸ ਹੁੰਦਾ ਹੈ। ਜਸਲੀਨ ਸਿਮਰਤੀਆਂ ਰਾਹੀਂ ਸਿਰਜਕ ਮਾਂ ਦੇ ਰੂਪ ਨੂੰ ਪ੍ਰਗਟ ਕਰਦੀ ਹੈ:

*ਤੂੰ ਹੈਂ*
*ਤਾਂ ਕਿੰਨਾ ਭਰਿਆ ਹੈ*
*ਮੇਰਾ ਸੰਸਾਰ*
*ਨਿੱਕੀਆਂ ਨਿੱਕੀਆਂ ਗੱਲਾਂ ਨਾਲ*
*ਕੀ ਰਿੱਧਿਆ*
*ਕੀ ਪਾਇਆ*
*ਕੀ ਖਾਧਾ*

*ਸਿਰ ਧੋਤਾ ਕਿ ਨਹੀਂ*
*ਸੁਰਖੀ ਲਾਈ ਕਿ ਨਹੀਂ*
*ਨਵਾਂ ਕੁੜਤਾ ਪਾਇਆ ਕਿ ਨਹੀਂ*
*ਤੂੰ ਨਹੀਂ ਮਾਂ ਤਾਂ ਸਭ ਖਲਾਅ*

ਇਸ ਮਾਂ ਨੂੰ 'ਸਖੀ' ਵੀ ਪ੍ਰੇਰਨਾ ਸ੍ਰੋਤ ਮੰਨਦੀ ਹੋਈ, ਕਵਿਤਰੀ ਨੂੰ ਉਦਾਸੀ ਤੋਂ ਦੂਰ ਜਾਣ ਲਈ, ਮਾਂ ਨੂੰ ਗਲ ਨਾਲ ਲਾਉਣ ਦਾ ਸੁਝਾਅ ਦਿੰਦੀ ਹੈ ਅਤੇ ਪੁੱਤ ਨੂੰ ਬਾਹਾਂ 'ਚ ਘੁੱਟਣ ਲਈ ਕਹਿੰਦੀ ਹੈ। ਇਹ ਦੋ ਰਿਸ਼ਤੇ ਪੁੱਤ ਦਾ ਅਤੇ ਮਾਂ ਦਾ ਕਵਿਤਰੀ ਲਈ ਠਾਹਰ ਬਣਦੇ ਹਨ, ਉਦਾਸੀ ਤੋਂ ਸੁਰਖ਼ਰੂ ਹੋਣ ਦੇ, ਹਨੇਰੇ ਨੂੰ ਚੀਰਣ ਵਾਲੇ, ਇਸ ਪ੍ਰਕਾਰ ਦਾਮਨਿਤ/ਕਮਜ਼ੋਰ ਮਾਂ ਦਾ ਚਿਹਨ ਮੁਹੱਬਤ/ਮੋਹ/ਮਮਤਾ ਦੀਆਂ ਸੰਵੇਦਨਾਵਾਂ ਨਾਲ ਲਬਰੇਜ਼ ਹੋ, ਕਾਵਿ-ਨਾਇਕਾ ਦੀ ਨਵੀਂ ਠਾਹਰ ਬਣ ਜਾਂਦੀ ਹੈ ਜੋ ਕਵਿਤਰੀ ਦੀ ਚੇਤਨਾ ਦੀ ਹੀ ਸੰਵੇਦਨੀ ਠਾਹਰ ਹੈ। ਮਾਨਵੀ ਮੁਹੱਬਤ ਦੀਆਂ ਸੰਵੇਦਨਾਵਾਂ ਕੇਵਲ ਇਕੋ ਰਿਸ਼ਤੇ ਦੀ ਠਾਹਰ 'ਤੇ ਟਿਕੀਆਂ ਹੋਈਆਂ ਨਹੀਂ, ਇਨ੍ਹਾਂ ਦੀ ਵਭਿੰਨਤਾ ਅਤੇ ਵੰਨ-ਸੁਵੰਨਤਾ 'ਚ ਪੁੱਤ-ਮਾਂ-ਸਖੀ ਇਤਿਆਦਿ ਵੀ ਜ਼ਿੰਦਗੀ ਦੀਆਂ ਠਾਹਰਾਂ ਬਣਦੇ ਹਨ। ਪਰ ਕੀ ਜਸਲੀਨ ਦੀਆਂ ਕਵਿਤਾਵਾਂ 'ਚ ਇਕ ਰਿਸ਼ਤਾ ਦੂਜੇ ਦੀ ਰਿਪਲੇਸਮੈਂਟ ਬਣ ਜਾਂਦਾ ਹੈ? ਇਹ ਸਵਾਲ ਕੁਦਰਤੀ ਹੈ। ਪਰ ਕਵਿਤਾ ਦੀ ਸਮੁੱਚੀ ਪੜ੍ਹਤ 'ਚੋਂ, ਕਿਤੇ ਵੀ ਇਕ ਦੀ ਦੂਜੇ ਨਾਲ ਰੀਪਲੇਸਮੈਂਟ ਜਾਂ ਸਬਸਟੀਚਿਊਟ ਨਹੀਂ ਹੈ। ਮਰਦ ਜਦੋਂ ਪ੍ਰੇਮੀ ਦੇ ਰੂਪ ਵਿਚ ਹੈ ਤਾਂ ਉੱਥੇ ਵੀ ਇਸ ਦੀ ਸਦੀਵਤਾ ਦੀ ਚਾਹਤ ਹੈ। ਇਸ ਪੱਖ ਤੋਂ ਜਸਲੀਨ ਔਰਤ-ਮਰਦ ਦੇ ਸਬੰਧਾਂ ਦੇ ਸੰਵਾਦ ਨੂੰ ਦੋ ਕਵਿਤਾਵਾਂ 'ਔਰਤ' ਅਤੇ 'ਮਰਦ' ਵਿਚ ਵਿਸ਼ੇਸ਼ ਤੌਰ 'ਤੇ ਪ੍ਰਗਟ ਕਰਦੀ ਹੈ। ਔਰਤ ਕਵਿਤਾ ਵਿਚਲਾ ਕਾਵਿ-ਪਾਤਰ ਮਰਦ ਆਪਣੀ ਸਾਥਣ ਔਰਤ ਨੂੰ ਕਹਿੰਦਾ ਹੈ ਕਿ 'ਮਰੀ ਮੁਹੱਬਤ' ਦੀਆਂ ਗੱਲਾਂ ਭਾਵੇਂ ਜਿੰਨੀਆਂ ਮਰਜ਼ੀ ਕਰ ਲੈ ਪਰ ਤੇਰੇ ਚਿੱਤ ਚੇਤਿਆਂ ਵਿਚ ਵੀ ਕਿਸੇ ਮਰਦ ਦੀ ਸੋਚ ਨਹੀਂ ਆਉਣੀ ਚਾਹੀਦੀ। ਇਹ ਮਰਦ ਦੀ ਪੈਤਰਿਕ ਮਨੋ-ਸੰਰਚਨਾ ਦਾ ਪ੍ਰਗਟਾਅ ਹੈ ਜਿਸ ਵਿਚ ਔਰਤ 'ਤੇ ਕਬਜ਼ੇ ਦੀ ਭਾਵਨਾ ਦੀ ਚਾਹਤ ਹੈ। 'ਮਰਦ' ਕਵਿਤਾ ਵਿਚ ਜਸਲੀਨ ਇਸ ਸੰਬਾਦ ਨੂੰ ਹੋਰ ਫੈਲਾ ਦਿੰਦੀ ਹੈ। ਉਹ ਉਸ 'ਮਰਦ' ਨੂੰ ਵੰਗਾਰਦੀ ਹੈ ਜਿਹੜਾ ਇਹ ਘੁਮੰਡ ਕਰਦਾ ਹੈ ਕਿ ਉਸ ਨੇ ਸਰੀਰਕ ਕਾਮਨਾ 'ਤੇ ਕਾਬੂ ਕਰਕੇ ਆਪਣੇ ਆਪ ਨੂੰ ਵਿਸ਼ੇਸ਼ ਬਣਾ ਲਿਆ ਹੈ। ਪਰ ਕਾਵਿ-ਨਾਇਕਾ ਇਸ ਘੁਮੰਡ ਦਾ ਸ਼ਕਤੀਸ਼ਾਲੀ ਪ੍ਰਤਿਉੱਤਰ ਸਿਰਜ ਦਿੰਦੀ ਹੈ ਕਿ ਇਹ ਗੁਣ ਉਸ ਵਿਚ ਵੀ ਹੈ। ਮਰਦ ਕੋਈ ਸੁਪਰ-ਆਤਮਾ ਜੀਵ ਨਹੀਂ ਜੋ ਔਰਤ ਨਹੀਂ ਹੋ ਸਕਦੀ। ਅਜਿਹੀਆਂ ਕਵਿਤਾਵਾਂ ਫਰਾਇਡ, ਯੁੰਗ, ਲਾਕਾਂ ਆਦਿ ਦੀ ਮਰਦ ਸੁਪਰ ਲਿਬਿਡੋ ਦੀ ਵਿਆਖਿਆ ਨੂੰ ਹੀ ਡੀਕੰਸਟਰਕਟ ਕਰ ਦਿੰਦੀਆਂ ਹਨ। ਜਸਲੀਨ ਦੀਆਂ ਕਵਿਤਾਵਾਂ ਦੇ ਇਸ ਨਾਇਕ-ਸੰਬਾਦ ਨੂੰ ਹੈਲਨ ਸਿਖੂ ਅਤੇ ਗਾਇਤਰੀ ਸਪੀਵਾਕ ਵਰਗੀਆਂ ਨਾਰੀਵਾਦੀ ਚਿੰਤਕਾਂ ਦੀਆਂ ਧਾਰਨਾਵਾਂ ਦੀ ਰੋਸ਼ਨੀ 'ਚ ਵੀ ਪੜ੍ਹਿਆ ਜਾ ਸਕਦਾ ਹੈ। ਇੱਥੋਂ ਤਕ ਕਿ ਇਹ ਕਵਿਤਾਵਾਂ, ਭਾਰਤੀ ਮਿਥਿਹਾਸ 'ਚ ਔਰਤ ਦੀਆਂ ਬੇਰੋਕੀ/ਅਵੈੜ ਕਾਮਨਾਵਾਂ ਦੀਆਂ ਮਿੱਥਾਂ 'ਤੇ ਵੀ ਕਾਟਾ ਫੇਰ ਦਿੰਦੀਆਂ ਹਨ ਅਤੇ ਨਾਰੀ-ਪਾਠ ਦੇ ਪੰਜਾਬੀ ਕਵਿਤਾ ਵਿਚ ਇਕ ਹੋਰ ਨਵੇਂ ਅਧਿਆਇ ਦੀ ਸ਼ੁਰੂਆਤ ਕਰਦੀਆਂ ਹਨ :

*ਬੜਾ ਗੁਮਾਨ ਹੈ ਤੈਨੂੰ*
*ਸਾਧ ਲਿਆ ਹੈ ਤੂੰ ਤਨ ਨੂੰ*
*ਵਸ 'ਚ ਨੇ ਇੰਦਰੀਆਂ*
*ਤੇ ਤੇਰਾ ਛੇਵਾਂ ਚੱਕਰ ਜਾਗ੍ਰਿਤ ਹੈ*
*ਤੈਨੂੰ ਲਗਦਾ ਹੋਣੈ*
*ਖਿੱਚ ਸਕਦੈ ਤੂੰ ਸ਼ਕਤੀ*
*ਕਰ ਸਕਦੈ ਖੀਣ ਮੈਨੂੰ*
*ਨਹੀਂ*
*ਮੈਂ ਰਾਮ ਨੂੰ ਅੱਜੇ ਵਿਸਾਰਿਆ ਨਹੀਂ*
*ਜੇ ਰੱਬ ਤੇਰੇ ਅੰਦਰ ਹੈ*
*ਤਾਂ ਮੇਰੇ ਵੀ ਉਹੀ*
*ਕਿਉਂਕਿ ਆਤਮਾ ਦੇ ਗਰੇਡ ਨਹੀਂ ਹੁੰਦੇ*
*ਸੋਹਮ*

ਭਾਵੇਂ ਕਿ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਮੁੱਖ ਤੌਰ ’ਤੇ ਨਾਰੀ-ਪਾਠ ਦੀਆਂ ਕਵਿਤਾਵਾਂ ਦੇ ਘੇਰੇ ’ਚ ਆਉਂਦੀਆਂ ਹਨ ਪਰ ਉਸਨੇ ਇਸ ਸੰਗ੍ਰਹਿ ਵਿਚ ਸ਼ਾਇਦ ਪਹਿਲੀ ਵਾਰ ਸੁਚੇਤ ਰੂਪ ਵਿਚ ਅਜਿਹੀਆਂ ਕਵਿਤਾਵਾਂ ਵੀ ਸ਼ਾਮਿਲ ਕੀਤੀਆਂ ਹਨ ਜਿਹੜੀਆਂ ਸਾਡੇ ਵਰਤਮਾਨ ਦੀ ਰਾਜਨੀਤੀ, ਸਮਾਜਕਤਾ, ਘਟਨ-ਕ੍ਰਮ ਆਦਿ ਨਾਲ ਸਬੰਧਿਤ ਹਨ। ‘ਹੁਣ ਨਾ ਕਦੇ ਆਵੀਂ’, ‘ਆਜ਼ਾਦ ਭਾਰਤ ਲਈ ਮੇਰਾ ਅਹਿਸਾਸ’, ‘ਆਜ਼ਾਦੀ’, ‘ਪਾਸ਼ ਨੂੰ ਯਾਦ ਕਰਦਿਆਂ’, ‘ਸਾਂਝ ਨਹੀਂ ਰਹੀ’, ‘ਲਾਪਤਾ’ ਆਦਿ ਕਵਿਤਾਵਾਂ ਵਿਚ ਵੱਖੋ-ਵੱਖਰੇ ਵਿਸ਼ਿਆਂ ਨਾਲ ਸੰਬੰਧਿਤ ਕਵਿਤਾਵਾਂ ਹਨ ਜਿਨ੍ਹਾਂ ਵਿਚ ਉਚੇਚੇ ਤੌਰ ’ਤੇ ਜਸਲੀਨ ਨੇ ਆਪਣੀ ਰਾਜਨੀਤਕ-ਚੇਤਨਤਾ ਦਾ ਸਬੂਤ ਦਿੱਤਾ ਹੈ ਅਤੇ ਇਸ ਦੋਸ਼ ਦੀ ਮਿੱਥ ਨੂੰ ਵੀ ਤੋੜਿਆ ਹੈ ਕਿ ਪੰਜਾਬੀ ਕਵਿਤਾ ਵਿਚ ਔਰਤਾਂ ਕੇਵਲ ਆਪਣੇ ਨਿਜੀ ਰਿਸ਼ਤਿਆਂ ’ਚੋਂ ਹੀ ਕਵਿਤਾਵਾਂ ਸਿਰਜਦੀਆਂ ਹਨ। ਜਸਲੀਨ ਦੇ ਇਸ ਸੰਗ੍ਰਹਿ ਵਿਚ ਰਾਜਨੀਤਕ ਚੇਤਨਤਾ ਨਾਲ ਸੰਬੰਧਿਤ ਕਵਿਤਾਵਾਂ ਦੀ ਗਿਣਤੀ ਅਤੇ ਥੀਮੈਟਿਕਸ ਦੀ ਗੰਭੀਰਤਾ ਵੱਖਰੇ ਅਧਿਐਨ ਦੀ ਮੰਗ ਕਰਦੀ ਹੈ। ‘ਕਿਸਾਨ ਅੰਦੋਲਨ’, ‘ਕਰੋਨਾ ਨਾਲ ਸੰਬੰਧਿਤ ਸਵਾਲ’, ਭਾਰਤੀ ਸਮਾਜਕ ਵਿਵਸਥਾ ਦੇ ਵਰਤਮਾਨ ਸਰੂਪ ਦਾ ਆਲੋਚਨਾਤਮਕ ਕਾਵਿ-ਵਿਸ਼ਲੇਸ਼ਣ ਇਨ੍ਹਾਂ ਕਵਿਤਾਵਾਂ ’ਚ ਸਮੋਇਆ ਹੋਇਆ ਹੈ। ਮੈਂ ਸਮਝਦਾ ਹਾਂ ਕਿ ਜਸਲੀਨ ਦੀਆਂ ਇਨ੍ਹਾਂ ਕਵਿਤਾਵਾਂ ਦੀ ਸਿਰਜਣਾ ਨਾਲ, ਭਵਿੱਖ ਵਿਚ ਉਸਦੀ ਰਾਜਨੀਤਕ ਚੇਤਨਤਾ ਵਾਲੀਆਂ ਕਵਿਤਾਵਾਂ ਲਿਖਣ ਦੀ ਰੁਚੀ ਹੋਰ ਵਧੇਗੀ।

**ਮੱਧਮ ਮੱਧਮ** ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਪੰਜਾਬੀ ਦੀ ਵਰਤਮਾਨ ਲਿਖੀ ਜਾ ਰਹੀ ਨਾਰੀਵਾਦੀ ਕਵਿਤਾ ਵਿਚ ਇਕ ਅਸਲੋਂ ਨਵਾਂ ਅਤੇ ਵਿਲੱਖਣ ਨਾਰੀ-ਪਾਠ ਹੈ, ਜਿਹੜਾ ਰੈਡੀਕਲ ਨਾਰੀਵਾਦੀ ਕਵਿਤਾ ਦੇ ਸਰਲ ਵਿਰੋਧੀ-ਜੁਟ ਕਾਵਿ-ਪ੍ਰਗਟਾਅ ਤੋਂ ਅਗਾਂਹ ਦਾ ਸਫ਼ਰ ਹੈ ਜਿਸ ਵਿਚ ਔਰਤ-ਮਰਦ ਦੇ ਰਿਸ਼ਤਿਆਂ ਦੀ ਹਕੀਕਤ ਦਾ ਇਕ ਨਵਾਂ-ਸੰਬਾਦ ਪ੍ਰਗਟ ਹੋਇਆ ਹੈ। ਜਸਲੀਨ ਇਨ੍ਹਾਂ ਕਵਿਤਾਵਾਂ ਵਿਚ ਭਾਵੇਂ ਸਵੈ-ਬਿਰਤਾਂਤ ਦੀ ਕਾਵਿਕ-ਵਿਧੀ ਨੂੰ ਪ੍ਰਮੁੱਖ ਤੌਰ ’ਤੇ ਆਧਾਰ ਬਣਾਉਂਦੀ ਹੈ ਪਰ ਇਸ ਸਵੈ-ਬਿਰਤਾਂਤ ਰਾਹੀਂ ਉਹ ਰਿਸ਼ਤਿਆਂ ਦੇ ਨੈੱਟਵਰਕ ਦੇ ਪ੍ਰਗਟਾਅ ਵਿਚ ਇਕ ਚਿੰਤਕ ਦੀ ਹਾਜ਼ਰੀ ਵੀ ਭਰਦੀ ਹੈ। ਚਿੰਤਕ ਦੀ ਹਾਜ਼ਰੀ ਇਨ੍ਹਾਂ ਕਵਿਤਾਵਾਂ ਨੂੰ ਫ਼ਤਵੇ ਅਤੇ ਰੀਟੋਰਿਕ ਦੇ ਯਾਨਰ ’ਚੋਂ ਕੱਢ ਕੇ ਵਿਸ਼ਲੇਸ਼ਣ ਦੀ ਵਿਧੀ ਦੇ ਨੇੜੇ ਲੈ ਜਾਂਦੀ ਹੈ। ਪੰਜਾਬੀ ਨਾਰੀ-ਕਵਿਤਾ ਦੇ ਪ੍ਰਮੁੱਖ ਸਵਾਲ ਨੂੰ ਉਹ ਸੰਵਾਦ ਅਤੇ ਵਿਸ਼ਲੇਸ਼ਣ ਦੇ ਨੁਕਤੇ ਤੋਂ ਪ੍ਰਗਟ ਕਰਦਿਆਂ ਸਟੀਰੀਓ ਟਾਇਪਡ ਬਾਇਨਰੀਜ਼ ਨੂੰ ਡੀਕੰਸਟਰੱਕਟ ਕਰ ਦਿੰਦੀ ਹੈ ਜਿਸ ਦਾ ਵਿਸਥਾਰ ਸਹਿਤ ਜ਼ਿਕਰ ਮੈਂ ਤੁਹਾਡੇ ਸਾਹਮਣੇ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਪੰਜਾਬੀ ਦੀ ਨਵੀਂ ਕਵਿਤਾ ਵਿਚ ਇਕ ਵਾਰ ਫਿਰ ਜਸਲੀਨ ਦੀ ਇਹ ਕਵਿਤਾ, ਨਵਾਂ ਸੰਵਾਦ ਛੇੜੇਗੀ, ਮੈਂ ਇਸ ਦੀ ਤਵੱਕੋ ਕਰਦਾ ਹਾਂ।

◈